ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਰਿਣ ਸ਼ਾਖਾ)

ਵੱਲ

ਪ੍ਰਬੰਧ ਨਿਰਦੇਸ਼ਕ,
ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ.,
ਸੈਕਟਰ 17, ਚੰਡੀਗੜ੍ਹ।

ਨੰ: ਰਸਸ/ਰਿਣ/ਸੀ.ਏ-3 /ਬਾਈਲਾਅਜ਼/112/ 13466 ਮਿਤੀ : 26-12-14

ਵਿਸ਼ਾ : ਬੈਂਕ ਦੇ ਬਾਈਲਾਅਜ਼ ਨੰ: 29 ਵਿੱਚ ਸੋਧ ਕਰਨ ਬਾਰੇ।

ਹਵਾਲਾ : ਆਪ ਦੇ ਦਫਤਰ ਦਾ ਨੋਟ ਮਿਤੀ 13-11-2014

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਨੋਟ ਰਾਹੀਂ ਪ੍ਰਾਪਤ ਹੋਈ ਤਜਵੀਜ਼ ਨੂੰ ਵਿਚਾਰਿਆ ਗਿਆ ਹੈ। ਭਾਰਤ ਦੇ ਸੰਵਿਧਾਨ ਦੀ 97ਵੀਂ ਸੋਧ ਅਨੁਸਾਰ ਦੀ ਪੰਜਾਬ ਕੋਆਪਰੇਟਿਵ ਸੋਸਾਇਟੀਜ਼ (ਅਮੈਂਡਮੈਂਟ) ਐਕਟ 1913 (ਪੰਜਾਬ ਐਕਟ ਨੰ: 14 ਆਫ 2014) ਰਾਹੀਂ ਪੰਜਾਬ ਕੋਆਪਰੇਟਿਵ ਸੋਸਾਇਟੀਜ਼ ਐਕਟ 1961 ਦੀਆਂ ਕੁਝ ਧਾਰਾਵਾਂ ਵਿੱਚ ਸੋਧ ਕੀਤੀ ਗਈ ਹੈ। ਐਕਟ ਦੀ ਸੋਧੀ ਧਾਰਾ 26 ਅਨੁਸਾਰ ਬੋਰਡ ਆਫ ਡਾਇਰੈਕਟਰਜ਼ ਦੀ ਗਿਣਤੀ 21 ਤੋਂ ਵੱਧ ਨਹੀਂ ਹੋ ਸਕਦੀ। ਐਕਟ ਦੀ ਧਾਰਾ 26(**A**)(4) ਅਨੁਸਾਰ ਵਿਸੇਸ਼ਮੁਹਾਰਤ ਰੱਖਣ ਵਾਲੇ 2 ਡਾਇਰੈਕਟਰਜ਼ ਨੂੰ ਸ਼ਾਮਿਲ ਕਰਨ ਦੀ ਵਿਵਸਥਾ ਕੀਤੀ ਹੈ। ਬੈਂਕ ਦੇ ਕਾਰੋਬਾਰ ਵਿੱਚ ਕਾਰਜਕੁਸ਼ਲਤਾ ਲਿਆਉਣ ਅਤੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੰਸਥਾ ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਪ੍ਰੋਫੈਸ਼ਨਲ ਡਾਇਰੈਕਟਰ ਸ਼ਾਮਿਲ ਕਰਨ ਦੀ ਜਰੂਰਤ ਹੈ ਅਤੇ ਸਟੇਟ ਕੋਆਪਰੇਟਿਵ ਬੈਂਕ ਦੇ ਨੁਮਾਇੰਦੇ ਨੂੰ ਲੈਣ ਦੀ ਲੋੜ ਨਹੀਂ ਹੈ।

ਇਸ ਲਈ, ਕੋਆਪਰੇਟਿਵ ਸੋਸਾਇਟੀਜ਼ ਐਕਟ 1961 ਵਿੱਚ ਹੋਈਆਂ ਸੋਧਾਂ ਦੇ ਮੱਦੇਨਜ਼ਰ ਅਤੇ ਬੈਂਕ ਦੇ ਕੰਮਕਾਜ ਵਿੱਚ ਹੋਰ ਸੁਧਾਰ ਲਿਆਉਣ ਲਈ ਪੰਜਾਬ ਸਟੇਟ ਕੋਆਪਰੇਟਿਵ ਖੇਤੀਬਾੜੀ ਵਿਕਾਸ ਬੈਂਕ ਲਿਮ. ਦੇ ਬਾਈਲਾਅਜ਼ ਨੰ: 29 ਵਿੱਚ ਸੋਧ ਕਰਨੀ ਲੋੜੀਂਦੀ ਹੈ।

ਉਕਤ ਦੇ ਮੱਦੇਨਜ਼ਰ ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਦੀ ਧਾਰਾ 10 (ਏ) ਅਧੀਨ ਮਿਲੇ ਅਧਿਕਾਰਾਂ ਤਹਿਤ ਪੰਜਾਬ ਸਟੇਟ ਕੋਆਪਰੇਟਿਵ ਖੇਤੀਬਾੜੀ ਵਿਕਾਸ ਬੈਂਕ ਦੇ ਬਾਈਲਾਜ਼ ਨੰ: 29 ਵਿੱਚ ਹੇਠ ਲਿਖੇ ਅਨੁਸਾਰ ਸੋਧ ਕਰਨ ਲਈ ਨੋਟਿਸ ਜਾਰੀ ਕੀਤਾ ਜਾਂਦਾ ਹੈ :-

| Bye-Laws No. | Existing Provision | Amended Bye-law |
|---|---|---|
| **29.** | **i) A nominee of the State Cooperative Bank;** | ------- |
| | **ii) One nominee of NABARD nominated by NABARD** | **i) One nominee of NABARD nominated by NABARD** |
| | **iii) Not more than three officials to be nominated by State Government as long as Government is a share holder.** | **ii) Three nominees of the Government out of which One nominee will be an expert in the area of banking economy, finance or management.** |
| | --- | **iii) Two professionals to be co-opted by the Board of Directors from amongst persons who have held eminent positions in** |

| | | |
|---|---|---|
| | | the institutions of repute in the field of Banking, Management, Economics or Finance. |
| | iv) Registrar or his nominee. | iv) Registrar or his nominee. |
| | v) One Director from every zone of 5 contiguous member PADBs / Institutions shall be elected provided if the number of PADBs/ Institutions if not divisible by 5, the left out members of PADBs / Institutions shall be included in the adjoining zone in such a way that no zone has more than 6 members. However, if the number of left out members is more that 2, a separate zone may be formed. | v) One Director from every zone of 7 contiguous member PADBs shall be elected; Provided that if after dividing the total number of member PADBs by 7, the remainder PADBs, if any shall be included in the adjoining zone in such a way that no zone has more than 8 member PADBs. However, if the number of remainder member PADBs is more than 4, a separate zone shall be formed. |
| | vi) Managing Director of the Bank. | vi) Managing Director of the Bank. |

ਇਸ ਲਈ ਪ੍ਰਬੰਧ ਨਿਰਦੇਸ਼ਕ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ. ਚੰਡੀਗੜ੍ਹ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਸੋਧ ਨੂੰ ਆਪਣੀ ਸੰਸਥਾ ਦੇ ਬਾਈਲਾਜ਼ ਵਿੱਚ 3 ਮਹੀਨੇ ਦੇ ਅੰਦਰ-ਅੰਦਰ ਸ਼ਾਮਿਲ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਰਜਿਸਟਰਾਰ,
ਸਹਿਕਾਰੀ ਸਭਾਵਾਂ ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ: ਰਸਸ/ਰਿਣ/ਸੀ.ਏ-3 /ਬਾਈਲਾਅਜ਼/112/ 13466 ਮਿਤੀ : 26-12-14

ਉਪਰੋਕਤ ਦਾ ਉਤਾਰਾ

1. ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ, ਸਹਿਕਾਰਤਾ ਵਿਭਾਗ, ਚੰਡੀਗੜ੍ਹ ਨੂੰ ਜਾਣਕਾਰੀ ਹਿਤ।
2. ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ, ਸਹਿਕਾਰਤਾ ਵਿਭਾਗ, ਚੰਡੀਗੜ੍ਹ।
3. ਪ੍ਰਬੰਧ ਨਿਰਦੇਸ਼ਕ, ਪੰਜਬ ਰਾਜ ਸਹਿਕਾਰੀ ਵਿਕਾਸ ਫੈਡਰੇਸ਼ਨ - 49, ਇੰਡਸਟਰੀਅਲ ਏਰੀਆ, ਚੰਡੀਗੜ੍ਹ ਨੂੰ ਪੰਜਾਬ ਕੋਆਪਰੇਸ਼ਨ ਵਿੱਚ ਪ੍ਰਕਾਸ਼ਿਤ ਕਰਨ ਹਿਤ।
4. ਪ੍ਰਬੰਧ ਨਿਰਦੇਸ਼ਕ, ਪੰਜਾਬ ਰਾਜ ਸਹਿਕਾਰੀ ਬੈਂਕ ਲਿਮ. ਨੂੰ ਸੂਚਨਾ ਹਿਤ।
5. ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਰੋਪੜ੍ਹ ਨੂੰ ਸੂਚਨਾ ਅਤੇ ਅਗਲੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਰਜਿਸਟਰਾਰ,
ਸਹਿਕਾਰੀ ਸਭਾਵਾਂ ਪੰਜਾਬ,
ਚੰਡੀਗੜ੍ਹ।